# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 8 ਮਾਰਚ, 2016 (ਮੰਗਲਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   ਪ੍ਰਿੰਸੀਪਲ, ਐਸ.ਆਰ. ਸਰਕਾਰੀ ਕਾਲਜ (ਲੜਕੀਆਂ),
   ਅੰਮ੍ਰਿਤਸਰ।
   (ਨੁਮਾਇੰਦਾ, ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ)
3. ਡਾ. ਪਰਮਜੀਤ ਸਿੰਘ,
   ਡੀਨ, ਅਕਾਦਮਿਕ ਮਾਮਲੇ।
4. ਡਾ. ਗੁਰਮੀਤ ਸਿੰਘ,
   ਡੀਨ, ਲੈਂਗੂਏਜ਼ਿਜ਼ ਫੈਕਲਟੀ।
5. ਡਾ. (ਮਿਸਿਜ਼) ਗੁਰਚਰਨ ਕੌਰ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।
6. ਡਾ. ਰਵੀ ਚਾਂਦ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਫਿਜ਼ਿਕਸ ਵਿਭਾਗ।
7. ਡਾ. ਅਜੀਜ਼ ਅਬਾੱਸ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਉਰਦੂ-ਪਰਸ਼ੀਅਨ ਵਿਭਾਗ।
8. ਮਿਸਿਜ਼ ਕਿੰਦਰਜੀਤ ਕੌਰ,
   ਪ੍ਰਿੰਸੀਪਲ, ਬੇਬੇ ਨਾਨਕੀ ਖਾਲਸਾ ਕਾਲਜ (ਲੜਕੀਆਂ), ਧਾਰੀਵਾਲ।
9. ਡਾ. ਪਰਸ਼ੋਤਮ ਸਿੰਘ ਤਿਆਗੀ,
   ਪ੍ਰਿੰਸੀਪਲ, ਰਾਮਗੜ੍ਹੀਆ ਕਾਲਜ, ਫਗਵਾੜ੍ਹਾ।
10. ਸ਼੍ਰੀਮਤੀ ਭੁਪਿੰਦਰ ਕੌਰ,
    ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ।
11. ਸ. ਰਜਿੰਦਰ ਮੋਹਨ ਸਿੰਘ ਛੀਨਾ, ਅੰਮ੍ਰਿਤਸਰ।
12. ਡਾ. ਸੱਤਿਆ ਪੀ. ਗੌਤਮ, ਨਵੀਂ ਦਿੱਲੀ।
13. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਸੁਖਦੇਵ ਸਿੰਘ ਅਤੇ ਡਾ. ਸੁਨੀਲ ਕੁਮਾਰ ਬਾਰੀਆ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਦੱਸਿਆ ਕਿ ਸਿੰਡੀਕੇਟ ਉੱਤੇ

ਡਾ. ਅਜ਼ੀਜ ਅਬਾਸ ਅਤੇ ਡਾ. ਪਰਸ਼ੋਤਮ ਸਿੰਘ ਤਿਆਗੀ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਮੈਂਬਰ ਸਾਹਿਬਾਨ ਨੂੰ ਸਰਕੂਲੇਟ ਕੀਤੀ ਗਈ ਸਿੰਡੀਕੇਟ ਦੀ ਇੱਕਤਰਤਾ ਮਿਤੀ 31.12.2015 ਦੀ ਕਾਰਵਾਈ ਦੀ ਪ੍ਰਿੰਟਿੰਗ ਵਿਚ ਮੱਦ ਨੰ: 1 ਵਿਚ "ਪੈਰਾ ਨੰ: 40" ਨੂੰ "ਪੈਰਾ ਨੰ: 68" ਪੜ੍ਹਿਆ ਜਾਵੇ।

ਸਿੰਡੀਕੇਟ ਨੇ ਉਕਤ ਅਨੁਸਾਰ ਜਾਣਕਾਰੀ ਨੋਟ ਕੀਤੀ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 31.12.2015 ਦੀ ਕਾਰਵਾਈ ਦੀ ਵਾਧੇ ਸਹਿਤ ਪੁਸ਼ਟੀ।**

1. ਸਿੰਡੀਕੇਟ ਦੀ ਇਕੱਤਰਤਾ ਮਿਤੀ 31.12.2015 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 31 ਵਿਚ ਹੇਠ ਲਿਖੇ ਵਾਧੇ ਸਹਿਤ ਕੀਤੀ ਜਾਂਦੀ ਹੈ:-

ਇਹ ਵੀ **ਪਾਸ ਹੋਇਆ** ਕਿ-

"To issuing a charge sheet in the matter to Sh. Sharanjit Singh under the applicable University Rules, and in that case for authorising the Vice-Chancellor to approve and issue the charge sheet to him on the basis of the preliminary enquiry report qua him, and on the basis of the records already available with the University or to become further available from him and from the Canadian High Commission."

**ਸਿੰਡੀਕੇਟ ਦੀ ਇਕੱਤਰਤਾ ਮਿਤੀ 31.12.2015 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸਮੂਹ ਮੈਂਬਰ ਸਾਹਿਬਾਨ ਵੱਲੋਂ **ਨੋਟ ਕੀਤਾ ਗਿਆ** ਕਿ ਮਿਤੀ 31.12.2015 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ ਬਾਰੇ ਸਬੰਧਤ ਵਿਭਾਗਾਂ/ਸ਼ਾਖਾਵਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

**ਵਿਤੀ ਸਾਲ 2016-17 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 19.2.2016 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

3. ਵਿਤੀ ਸਾਲ 2016-17 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 19.2.2016 ਦੀਆਂ ਸਿਫਾਰਸ਼ਾਂ ਉੱਤੇ **ਅੰਤਿਕਾ** ਅਨੁਸਾਰ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿੱਤੀ ਸਾਲ 2016-17 ਦੇ ਬੱਜਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2015-16 ਦਾ ਲੇਖਾ ਜੋਖਾ**

ਸਾਲ 2015-16 ਦਾ ਮੂਲ ਬਜਟ 54 ਕਰੋੜ 71 ਲੱਖ 24 ਹਜ਼ਾਰ ਰੁਪਏ ਦੀ ਵਾਫਰ (surplus) ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਵਾਫਰ(surplus) ਮੁਢਲੀ ਬਕਾਇਆ ਵੱਧ ਕੇ 128 ਕਰੋੜ 49 ਲੱਖ 81 ਹਜ਼ਾਰ ਰੁਪਏ ਹੋਵੇਗਾ। ਸਾਲ 2015-16 ਦਾ ਮੂਲ ਬੱਜਟ 338 ਕਰੋੜ 34 ਲੱਖ 75 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ

ਖਰਚੇ ਨੂੰ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 289 ਕਰੋੜ 10 ਲੱਖ 14 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 50 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 171 ਕਰੋੜ 51 ਲੱਖ 86 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 185 ਕਰੋੜ 68 ਲੱਖ 17 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2015-16 ਦੌਰਾਨ ਆਮਦਨ ਵਿਚ ਤਕਰੀਬਨ 14 ਕਰੋੜ ਰੁਪਏ ਦਾ ਵਾਧਾ ਅਤੇ ਖਰਚੇ ਵਿਚ ਤਕਰੀਬਨ 49 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2015-16 ਦੇ ਬਜਟ ਦਾ ਅੰਤ 75 ਕਰੋੜ 7 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਕੀਤਾ ਗਿਆ ਹੈ।

## ਸਾਲ 2016-17 ਦੇ ਬਜਟ ਅਨੁਮਾਨ

ਸਾਲ 2016-17 ਦਾ ਬਜਟ 75 ਕਰੋੜ 7 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2016-17 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 191 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬੱਜਟ ਵਿਚ ਕੀਤੀ ਗਈ ਹੈ। ਕੁੱਲ ਮਿਲਾ ਕੇ ਖਰਚੇ ਦੀ ਰਕਮ 378 ਕਰੋੜ 20 ਲੱਖ 59 ਹਜ਼ਾਰ ਰੁਪਏ ਹੋਵੇਗੀ।

ਸਾਲ 2016-17 ਦੌਰਾਨ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ ਲਈ 50 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 185 ਕਰੋੜ 86 ਲੱਖ 83 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁੱਲ 235 ਕਰੋੜ 86 ਲੱਖ 83 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2016-17 ਦੇ ਬੱਜਟ ਵਿਚ 67 ਕਰੋੜ 25 ਲੱਖ 92 ਹਜ਼ਾਰ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2016-17 ਦੇ ਬੱਜਟ ਅਨੁਮਾਨ ਦੀ ਕੁੱਲ 378 ਕਰੋੜ 20 ਲੱਖ 59 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | | |
|---|---|---|
| 1. | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿੱਖਿਆ ਦਾ ਸੁਧਾਰ | 50.02% |
| 2. | ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡ ਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 10.38% |
| 3. | ਜਨਰਲ ਐਡਮਿਨਿਸਟ੍ਰੇਸ਼ਨ | 11.43% |
| 4. | ਪ੍ਰੀਖਿਆਵਾਂ ਦਾ ਸੰਚਾਲਨ | 5.12% |
| 5. | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼,ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨਿਕੀਕਰਨ) | 14.93% |

6. ਇਮਾਰਤਾਂ ਦੀ ਉਸਾਰੀ 8.12%

**ਨੋਟ**: ਉਪਰੋਕਤ ਪ੍ਰਤੀਸ਼ਤ ਵਿਚ ਕਾਂਸਟੀਚਿਊਂਟ ਕਾਲਜਿਜ਼ ਨੂੰ ਟਰਾਂਸਫਰ ਕੀਤੀ ਵਾਲੀ 9 ਕਰੋੜ ਰੁਪਏ ਦੀ ਗ੍ਰਾਂਟ ਦੀ ਰਾਸ਼ੀ ਸ਼ਾਮਲ ਨਹੀਂ ਹੈ।

ਸਾਲ 2015-16 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 5 ਕਰੋੜ 19 ਲੱਖ ਰੁਪਏ ਦੀ ਟਿਊਸ਼ਨ ਫੀਸ (Full/Half) ਦਾ ਕਨਸੈਸ਼ਨ ਦਿੱਤਾ ਗਿਆ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 13 ਲੱਖ 62 ਹਜ਼ਾਰ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਗਈ। "Post Matric Scholarship to SC student" ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ 6 ਕਰੋੜ 12 ਲੱਖ 75 ਹਜ਼ਾਰ ਰੁਪਏ ਦਾ ਫੀਸ ਕਲੇਮ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ।ਇਸ ਤਰ੍ਹਾਂ "Post Matric Scholarship to OBC student" ਸਕੀਮ ਅਧੀਨ ਹੋਰ ਪਛੜੀ ਜਾਤੀਆਂ ਦੇ ਕੁੱਲ 68 ਵਿਦਿਆਰਥੀਆਂ ਦਾ 38 ਲੱਖ 74 ਹਜ਼ਾਰ ਰੁਪਏ ਦਾ ਕੁੱਲ ਕਲੇਮ (ਫੀਸ ਅਤੇ ਵਜ਼ੀਫਾ) ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤੋਂ ਛੁੱਟ "Post Matric Scholarship to Minority Community & Merit cum Means" ਸਕੀਮ ਅਧੀਨ ਲਗਭਗ 345 ਵਿਦਿਆਰਥੀਆਂ ਦੇ ਫਾਰਮ ਆਨਲਾਈਨ ਸਰਕਾਰ ਪਾਸ ਭੇਜੇ ਜਾ ਚੁੱਕੇ ਹਨ। ਯੂਨੀਵਰਸਿਟੀ ਵਲੋਂ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ।

ਸਾਲ 2016 ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਕੁਲ 688 ਵਿਦਿਆਰਥੀਆਂ ਦੀ ਪਲੇਸਮੇਂਟ ਭਾਰਤ ਅਤੇ ਵਿਦੇਸ਼ਾਂ ਦੀਆਂ ਉੱਚੀਆਂ ਕੰਪਨੀਆਂ ਵਿਚ ਹੋਈ ਹੈ। ਇਸ ਸਾਲ University Business School ਦੇ ਦੋ ਵਿਦਿਆਰਥੀਆਂ ਨੂੰ 21-21 ਲੱਖ ਰੁਪਏ ਦੇ ਪੈਕੇਜ ਹਾਸਲ ਹੋਏ ਹਨ ਜੋ ਕਿ ਇਸ ਯੂਨੀਵਰਸਿਟੀ ਵੱਲੋਂ ਦਿੱਤੀ ਜਾ ਰਹੀ ਮਿਆਰੀ ਵਿਦਿਆ ਦੇ ਪੱਧਰ ਨੂੰ ਦਰਸਾਉਂਦਾ ਹੈ। TCS ਕੰਪਨੀ ਵਿਚ ਨੌਕਰੀਆਂ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਇਸ ਕੰਪਨੀ ਦੁਆਰਾ ਕਰਵਾਏ ਜਾਂਦੇ ILP(Initial Learning Programme) ਨੂੰ ਇਸ ਯੂਨੀਵਰਸਿਟੀ ਵਿਚ ਹੀ ਕਰਵਾਏ ਜਾਣ ਦਾ ਨਿਰਣਾ ਲਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਉੱਤਰੀ ਭਾਰਤ ਦਾ ਪਹਿਲਾ ਅਜਿਹਾ ਅਦਾਰਾ ਹੈ ਜਿੱਥੇ TCS ਕੰਪਨੀ ਵੱਲੋਂ ਇਹ ਟਰੇਨਿੰਗ ਦਿੱਤੀ ਜਾਵੇਗੀ।

ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਖਿਡਾਰੀਆਂ ਅਤੇ ਕੋਚਾਂ ਦੇ ਮਾਨ-ਭੱਤੇ, ਡੀ.ਏ. ਅਤੇ ਡਾਈਟ ਦੀਆਂ ਦਰਾਂ ਵਿਚ ਵਾਧਾ ਕੀਤਾ ਗਿਆ ਹੈ। ਇਸ ਸਾਲ ਪਿਛਲੇ ਮਹੀਨੇ ਹੋਈਆਂ South Asian Games (SAF) ਵਿਚ ਇਸ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਭਾਰਤ ਵੱਲੋਂ ਖੇਡਦਿਆਂ ਚਾਰ ਸੋਨੇ ਦੇ ਤਗਮੇ ਹਾਸਲ ਕੀਤੇ ਹਨ, ਜੋ ਕਿ ਇਕ ਮਾਣ ਵਾਲੀ ਗੱਲ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਵਾਏ ਜਾ ਰਹੇ ਹਨ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ 'ਤੇ ਨੈਸ਼ਨਲ/ਇੰਟਰ-ਨੈਸ਼ਨਲ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਵਿਦਿਆਰਥੀਆਂ ਨੂੰ ਕਿੱਤਾ-ਮੁਖੀ ਕੋਰਸਾਂ ਵਿਚ ਵੱਧ ਤੋਂ ਵੱਧ ਮੌਕੇ ਦੇ ਕੇ ਉਨ੍ਹਾਂ ਨੂੰ ਸਮਾਜ ਵਿਚ ਆਪਣੇ ਆਪ ਨੂੰ ਸਥਾਪਿਤ ਕਰ ਸਕਣ ਦੇ ਆਸ਼ੇ ਨੂੰ ਧਿਆਨ ਵਿਚ ਰੱਖਦੇ ਯੂਨੀਵਰਸਿਟੀ ਵਿਖੇ University Institute of Technology(UIT)

ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਦੀ ਸਥਾਪਨਾ ਹਿੱਤ ਯੂਨੀਵਰਸਿਟੀ ਦੇ ਸਾਲ 2016-17 ਦੇ ਬੱਜਟ ਵਿਚ 20 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਇੰਸਟੀਚਿਊਟ ਵਿਚ Civil, Mechanical, Electrical ਅਤੇ Chemical Engineering ਦੇ ਵਿਭਾਗ ਸ਼ੁਰੂ ਕਰਨ ਦੀ ਤਜਵੀਜ਼ ਹੈ।

ਯੂਨੀਵਰਸਿਟੀ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਲਈ ਪੰਜ ਪਿੰਡ ਲੁੱਧੜ, ਬਦਾਦਪੁਰਾ, ਚੁੰਘ, ਮਿੱਠੜਾ ਅਤੇ ਗੁਗਰਾਂ ਨੂੰ ਅਡਾਪਟ ਕਰਦਿਆਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਿਹਤ, ਵਿਦਿਆ ਅਤੇ ਆਰਥਿਕ ਤਰੱਕੀ ਲਈ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਾਸਤੇ ਹਰੇਕ ਪਿੰਡ ਲਈ ਇਕ-ਇਕ ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਯੂਨੀਵਰਸਿਟੀ ਨੂੰ UPE ਦਾ status ਪ੍ਰਾਪਤ ਹੋਣ ਕਰਕੇ ਇਸ ਵੇਲੇ ਲਗਭਗ 200 Full-Time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀ, ਨੂੰ 8000 ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000 ਰੁਪਏ ਸਾਇੰਸ ਵਿਸ਼ੇ ਅਤੇ 8000 ਰੁਪਏ ਆਰਟਸ ਵਿਸ਼ੇ ਲਈ ਪ੍ਰਤੀ ਸਾਲ Contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme ਵਾਸਤੇ 26 ਕਰੋੜ 31 ਲੱਖ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ, ਜਿਸ ਵਿਚੋਂ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/ Contigency ਲਈ ਸ਼ਾਮਲ ਹੈ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚੋਂ ਸਾਲ 2012-13 ਅਤੇ 2013-14 ਦੌਰਾਨ 10 ਕਰੋੜ 52 ਲੱਖ 40 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। UGC ਵੱਲੋਂ ਸਾਲ 2015-16 ਦੌਰਾਨ 10 ਕਰੋੜ 52 ਲੱਖ 40 ਹਜ਼ਾਰ ਰੁਪਏ ਦੀ ਅਗਲੀ ਕਿਸ਼ਤ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ DRS-SAP ਸਕੀਮ (1.4.2015 ਤੋਂ 31.3.2020) ਤਹਿਤ ਸਾਲ 2015-16 ਦੌਰਾਨ Botanical and Environmental Sciences ਵਿਭਾਗ ਨੂੰ 1 ਕਰੋੜ 7 ਲੱਖ ਰੁਪਏ ਅਤੇ ਫਿਜਿਕਸ ਵਿਭਾਗ ਨੂੰ 64 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ SAP DRS III ਸਕੀਮ ਤਹਿਤ ਸਾਲ 2015-16 ਦੌਰਾਨ Punjab School of Economics ਨੂੰ 90 ਲੱਖ 50 ਹਜ਼ਾਰ ਰੁਪਏ, School of Punjabi Studies ਨੂੰ 61 ਲੱਖ 95 ਹਜ਼ਾਰ ਰੁਪਏ ਅਤੇ Sociology ਵਿਭਾਗ ਨੂੰ 84 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ CAS-II Under SAP scheme (1.4.2015 ਤੋਂ 31.3.2020) ਤਹਿਤ ਸਾਲ 2015-16 ਦੌਰਾਨ Chemistry ਵਿਭਾਗ ਨੂੰ ਬਜਟ ਮੱਦ "Recurring Grant" ਸਬੰਧੀ 10 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ ਅਤੇ ਬਜਟ ਮੱਦ "Non-Recurring Grant" ਸਬੰਧੀ 2 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਵੱਖ-ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨਾਂ ਨੂੰ ਵੱਖ-ਵੱਖ ਏਜੰਸੀਆਂ ਵਲੋਂ ਪ੍ਰੋਜੈਕਟਾਂ ਲਈ ਇਸ ਸਾਲ (2015-16) ਦੌਰਾਨ 16 ਕਰੋੜ 44 ਲੱਖ 22 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

ਵੱਖ-ਵੱਖ Funding Agencies ਪਾਸੋਂ ਅੱਲਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਂਟਾਂ ਵਿੱਚ ਲਗਭਗ 500 Research Scholars ਵੱਖ-ਵੱਖ ਵਿਸ਼ਿਆਂ 'ਤੇ Research ਦਾ ਕੰਮ ਕਰ ਰਹੇ ਹਨ।

DST-PURSE ਸਕੀਮ ਅਧੀਨ Department of Science & Technology, New Delhi ਵਲੋਂ ਪ੍ਰਵਾਨਤ 9 ਕਰੋੜ ਰੁਪਏ ਦੀ ਗ੍ਰਾਂਟ ਦੀ ਤੀਸਰੀ ਕਿਸ਼ਤ 3 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ।

ਯੂ.ਜੀ.ਸੀ. ਵੱਲੋਂ Human Resource Development Centre ਲਈ

ਪ੍ਰਵਾਨਿਤ 1 ਕਰੋੜ ਰੁਪਏ ਪ੍ਰਤੀ ਸਾਲ ਦੀ ਗ੍ਰਾਂਟ ਵਿਚੋਂ ਸਾਲ 2015-16 ਦੌਰਾਨ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ।

RUSA ਸਕੀਮ ਅਧੀਨ ਯੂਨੀਵਰਸਿਟੀ ਨੂੰ ਸਾਲ 2014-15 ਦੌਰਾਨ 10 ਕਰੋੜ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਹੋਈ ਸੀ। ਇਸ ਸਕੀਮ ਤਹਿਤ ਸਾਲ 2014-15 ਦੌਰਾਨ 2 ਕਰੋੜ 50 ਲੱਖ ਰੁਪਏ ਅਤੇ ਸਾਲ 2015-16 ਦੌਰਾਨ 5 ਕਰੋੜ ਰੁਪਏ ਦੀ ਹੋਰ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਤਰ੍ਹਾਂ ਕੁੱਲ 7 ਕਰੋੜ 50 ਲੱਖ ਰੁਪਏ ਦੀ ਪ੍ਰਾਪਤ ਹੋਈ ਗ੍ਰਾਂਟ ਵਿਚੋਂ ਲੜਕਿਆਂ ਦੇ ਹੋਸਟਲ ਦੀ ਉਸਾਰੀ ਵਾਸਤੇ 3 ਕਰੋੜ 50 ਲੱਖ ਰੁਪਏ, ਪ੍ਰਬੰਧਕੀ ਬਲਾਕ ਦੀ Renovation ਅਤੇ Up-gradation ਵਾਸਤੇ 55 ਲੱਖ ਰੁਪਏ, ਭਾਈ ਗੁਰਦਾਸ ਲਾਇਬ੍ਰੇਰੀ ਦੀ Renovation ਅਤੇ Up-Gradation ਵਾਸਤੇ 1 ਕਰੋੜ 50 ਲੱਖ ਰੁਪਏ, Research Journals ਦੀ ਖ੍ਰੀਦ ਲਈ 70 ਲੱਖ ਰੁਪਏ, ਨਵੀਆਂ ਕਿਤਾਬਾਂ ਦੀ ਖ੍ਰੀਦ ਲਈ 65 ਲੱਖ ਰੁਪਏ ਅਤੇ Sports ਵਿਭਾਗ ਲਈ equipments ਦੀ ਖ੍ਰੀਦ ਲਈ 60 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।

UGC ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਲਈ 5 ਸਾਲ ਵਾਸਤੇ ਗ੍ਰਾਂਟ ਪ੍ਰਾਪਤ ਹੋਈ ਸੀ ਜਿਸ ਦੀ ਮਿਆਦ ਮਿਤੀ 31.3.2016 ਨੂੰ ਖਤਮ ਹੋ ਰਹੀ ਹੈ। ਯੂਨੀਵਰਸਿਟੀ ਦੁਆਰਾ ਬੇਨਤੀ ਕਰਨ ਉਪਰੰਤ ਇਸ ਦੀ ਬਕਾਇਆ ਰਾਸ਼ੀ ਨੂੰ Mid Term Review ਤੱਕ ਵਰਤਣ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ, ਅਤੇ UGC ਵੱਲੋਂ Mid Term Review ਕਰਨ ਲਈ Inspection Committee ਦੀਆਂ ਸਿਫਾਰਸ਼ਾਂ ਨੂੰ ਮੁਖ ਰੱਖਦੇ ਹੋਏ ਕੇਂਦਰ ਦੀ ਮਿਆਦ ਵਿਚ ਵਾਧੇ ਸਬੰਧੀ ਫੈਸਲਾ ਲਿਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਅਲਾਟ ਕੀਤੇ ਗਏ ਕਾਂਸਟੀਚਿਊਂਟ ਕਾਲਜ ਵਧੀਆ ਤਰੀਕੇ ਨਾਲ ਚਲ ਰਹੇ ਹਨ। ਪੰਜਾਬ ਸਰਕਾਰ ਵੱਲੋਂ ਪਹਿਲਾਂ 4 ਕਾਂਸਟੀਚਿਊਂਟ ਕਾਲਜਾਂ ਲਈ ਗ੍ਰਾਂਟ ਜਾਰੀ ਕੀਤੀ ਜਾਂਦੀ ਸੀ ਮਾਨਯੋਗ ਉਪ-ਕੁਲਪਤੀ ਜੀ ਦੇ ਉਚੇਚੇ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ ਦੋ ਨਵੇਂ ਅਲਾਟ ਕੀਤੇ ਗਏ ਕਾਂਸਟੀਚਿਊਂਟ ਕਾਲਜ (ਪੱਟੀ ਅਤੇ ਸਠਿਆਲਾ) ਲਈ ਵੀ ਗ੍ਰਾਂਟ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।ਹੁਣ ਹਰ ਸਾਲ 6 ਕਾਂਸਟੀਚਿਊਂਟ ਕਾਲਜਾਂ ਦੀ ਗ੍ਰਾਂਟ ਪ੍ਰਾਪਤ ਹੋਇਆ ਕਰੇਗੀ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ University Business School ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਬੜੀ ਤੇਜੀ ਨਾਲ ਚੱਲ ਰਿਹਾ ਹੈ। ਇਸ ਸਾਲ ਜੁਲਾਈ ਮਹੀਨੇ ਵਿਚ ਇਹ ਵਿਭਾਗ ਇਸ ਬਿਲਡਿੰਗ ਵਿਚ ਸ਼ਿਫਟ ਹੋ ਜਾਵੇਗਾ। ਇਸ ਤੋਂ ਇਲਾਵਾ ਇਸ ਸਮੇਂ ਲੜਕੇ ਅਤੇ ਲੜਕੀਆਂ ਲਈ ਹੋਸਟਲ ਅਤੇ ਸਪੋਰਟਸ ਹੋਸਟਲ, ਹੈਲਥ ਸੈਂਟਰ ਦੀ ਰੈਨੋਵੇਸ਼ਨ, ਏਸ਼ੀਆ ਹਾਊਸ ਵਿਖੇ ਲੈਕਚਰ ਹਾਲ ਆਦਿ ਬਿਲਡਿੰਗਾਂ ਉਸਾਰੀ ਅਧੀਨ ਹਨ। ਕਾਂਸਟੀਚਿਊਂਟ ਕਾਲਜ ਵੇਰਕਾ, ਪੱਟੀ, ਰਿਜਨਲ ਕੈਂਪਸ, ਸਠਿਆਲਾ ਵਿਖੇ ਲੈਬਾਰਟਰੀਜ਼ ਅਤੇ ਵਰਕਸ਼ਾਪਜ਼ ਦੀਆਂ ਬਿਲਡਿੰਗਾਂ ਦੀ ਉਸਾਰੀ ਚੱਲ ਰਹੀ ਹੈ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਅਗਲੇ ਸਾਲ ਤੋਂ ਨਵੇਂ ਸਥਾਪਿਤ ਕੀਤੇ ਜਾ ਰਹੇ University Institute of Technology ਦੀ ਬਿਲਡਿੰਗ ਦਾ ਕੰਮ ਵੀ ਆਰੰਭਿਆ ਜਾਣਾ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਲੜਕੀਆਂ ਲਈ ਇਕ ਵੱਖਰਾ ਫੂਡ ਕੋਰਟ ਅਤੇ ਇਕ ਕਾਮਨ ਫੂਡ ਕੋਰਟ ਬਨਾਉਣ ਦੀ ਵੀ ਤਜਵੀਜ਼ ਹੈ।ਇਸ ਤੋਂ ਛੁੱਟ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ, ਪ੍ਰਬੰਧਕੀ ਬਲਾਕ ਅਤੇ ਯੂਨੀਵਰਸਿਟੀ ਨੂੰ ਅਲਾਟ ਕੀਤੇ ਕਾਂਸਟੀਚਿਊਂਟ ਕਾਲਜਾਂ ਦੀ ਰੈਨੋਵੇਸ਼ਨ ਅਤੇ ਰਿਪੇਅਰ ਦੇ ਕੰਮ ਵੀ ਕੀਤੇ ਜਾਣੇ ਹਨ।

**ਪਾਸ ਹੋਇਆ** ਕਿ ਵਿਤੀ ਸਾਲ 2016-17 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 19.2.2016 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਅਮਿਤ ਕੌਂਟਸ, ਪ੍ਰੋਫੈਸਰ, ਐਜੂਕੇਸ਼ਨ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਅਮਿਤ ਕੌਂਟਸ, ਪ੍ਰੋਫੈਸਰ, ਐਜੂਕੇਸ਼ਨ ਵਿਭਾਗ ਨੂੰ ਮਿਤੀ 1.2.2016 ਤੋਂ 30.6.2016 ਤੱਕ ਅਤੇ ਮਿਤੀ 1.7.2016 ਤੋਂ ਤਿੰਨ ਸਾਲਾਂ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਡਾ. ਅੰਮ੍ਰਿਤਪਾਲ ਕੌਰ, ਪ੍ਰੋਫੈਸਰ, ਲਾਇਬ੍ਰੇਰੀ ਤੇ ਇਨਫਾਰਮੇਸ਼ਨ ਸਾਇੰਸ ਵਿਭਾਗ ਦੀ ਮੁੜ ਨਿਯੁਕਤੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ 'ਤੇ ਡਾ. ਅੰਮ੍ਰਿਤਪਾਲ ਕੌਰ, ਪ੍ਰੋਫੈਸਰ, ਲਾਇਬ੍ਰੇਰੀ ਤੇ ਇਨਫਾਰਮੇਸ਼ਨ ਸਾਇੰਸ ਵਿਭਾਗ ਨੂੰ ਮਿਤੀ 30.6.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.7.2016 ਤੋਂ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਡਾ. ਸ਼ਿਨੋਏ ਸ਼ਵੇਤਾ ਦੇਵਰਾਜ, ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਨੂੰ ਜਾਮੀਆ ਮਿਲਿਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ ਵਿਖੇ ਬਤੌਰ ਪ੍ਰੋਫੈਸਰ ਵਜੋਂ ਡੈਪੂਟੇਸ਼ਨ 'ਤੇ ਜੁਆਇਨ ਕਰਨ ਸਬੰਧੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਾ. ਸ਼ਿਨੋਏ ਸ਼ਵੇਤਾ ਦੇਵਰਾਜ, ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਨੂੰ ਤਿੰਨ ਸਾਲ ਲਈ ਜਾਮੀਆ ਮਿਲਿਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ ਵਿਖੇ ਬਤੌਰ ਪ੍ਰੋਫੈਸਰ ਵਜੋਂ ਡੈਪੂਟੇਸ਼ਨ 'ਤੇ ਜੁਆਇਨ ਕਰਨ ਵਾਸਤੇ ਰਿਲੀਵ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

(ਅ) ਉਕਤ (ੳ) ਨੂੰ ਮੁੱਖ ਰੱਖਦਿਆਂ ਡਾ. ਸ਼ਿਨੋਏ ਸ਼ਵੇਤਾ ਦੇਵਰਾਜ, ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਵੱਲੋਂ ਡੈਪੂਟੇਸ਼ਨ 'ਤੇ ਜੁਆਇਨ ਕਰਨ ਦੀ ਸੂਰਤ ਵਿਚ ਜਾਮੀਆ ਮਿਲਿਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ ਪਾਸੋਂ ਨਿਯਮਾਂ ਅਨੁਸਾਰ ਬਣਦੇ ਲੀਵ ਸੈਲਰੀ, ਪੈਨਸ਼ਨ ਕੰਟ੍ਰੀਬਿਊਸ਼ਨ ਫੰਡ ਅਤੇ ਗ੍ਰੈਚੂਟੀ ਆਦਿ ਦੀ ਬਣਦੀ ਰਾਸ਼ੀ ਇਸ ਯੂਨੀਵਰਸਿਟੀ ਵਿਖੇ ਪ੍ਰਾਪਤ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਮਿਸਿਜ਼ ਰਨਬੀਰ ਕੌਰ, ਅਸਿਸਟੈਂਟ ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਨੂੰ ਨਿਯਮਾਂ ਅਨੁਸਾਰ 37400-67000+9000 AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ।**

7. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸਿਜ਼ ਰਨਬੀਰ ਕੌਰ, ਅਸਿਸਟੈਂਟ ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਨੂੰ **ਅੰਤਿਕਾ** ਅਨੁਸਾਰ ਦਰਸਾਈ ਸਥਿਤੀ ਨੂੰ ਮੁੱਖ ਰੱਖਦਿਆਂ, ਲੈਕਚਰਾਰ (ਸਲੈਕਸ਼ਨ ਗ੍ਰੇਡ) ਵਜੋਂ ਪ੍ਰਮੋਟ ਹੋਣ 'ਤੇ ਤਿੰਨ ਸਾਲ ਦਾ ਸਮਾਂ ਪੂਰਾ ਹੋਣ 'ਤੇ ਨਿਯਮਾਂ ਅਨੁਸਾਰ 37400-67000+9000AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਸਵਪਨਦੀਪ ਸਿੰਘ ਚਿਮਨੀ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਡਿਊਟੀ ਲੀਵ ਸਬੰਧੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸਵਪਨਦੀਪ ਸਿੰਘ ਚਿਮਨੀ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ Bangladesh Chemical Society ਵੱਲੋਂ Dhaka, Bangladesh ਵਿਖੇ Organize ਕੀਤੀ ਜਾ ਰਹੀ 16th Asian Chemical Congress ਵਿਚ "Chemistry for Humanity" 'ਤੇ ਲੈਕਚਰ ਦੇਣ ਲਈ ਸਿੰਡੀਕੇਟ ਦੀ ਇੱਕਤਰਤਾ ਮਿਤੀ 18.11.2015 ਦੇ ਪੈਰਾ ਨੰ: 50 ਰਾਹੀਂ ਮਿਤੀ 16.11.2015 ਤੋਂ 20.11.2015 ਤੱਕ 5 ਦਿਨਾਂ ਦੀ ਪ੍ਰਵਾਨ ਹੋਈ ਡਿਊਟੀ ਲੀਵ, ਉਨ੍ਹਾਂ (ਡਾ. ਸਵਪਨਦੀਪ ਸਿੰਘ ਚਿਮਨੀ) ਦੀ ਮੰਗ ਨੂੰ ਮੁੱਖ ਰੱਖਦਿਆਂ, ਰੱਦ ਕਰਕੇ ਮਿਤੀ 14.3.2016 ਤੋਂ 18.3.2016 ਤੱਕ 5 ਦਿਨਾਂ ਦੀ ਡਿਊਟੀ ਲੀਵ ਸਮੇਤ ਅਗੇਤਰੀ ਅਤੇ ਪਿਛੇਤਰੀ ਛੁੱਟੀ ਮਿਤੀ 12-13.3.2016 ਅਤੇ 19-20.3.2016 (ਸ਼ਨੀਵਾਰ ਅਤੇ ਐਤਵਾਰ) ਨਾਲ ਦੇਸ਼ ਛੱਡਣ ਦੀ ਆਗਿਆ ਦਿੱਤੀ ਜਾਂਦੀ ਹੈ।

**ਡਾ. ਵਿਪਨ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਸਟੱਡੀ ਲੀਵ ਰੱਦ ਕਰਨ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 7 ਰਾਹੀਂ ਡਾ. ਵਿਪਨ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ Research group of Dr. Erik Chorell at UMEA University, Sweden ਵਿਖੇ Post Doctoral Fellowship avail ਕਰਨ ਲਈ ਮਿਤੀ 23.2.2015 ਤੋਂ 15.2.2016 ਤੱਕ ਪ੍ਰਵਾਨ ਹੋਈ ਸਟੱਡੀ ਲੀਵ ਵਿਚੋਂ, ਪ੍ਰੋਜੈਕਟ complete ਹੋ ਜਾਣ ਕਰਕੇ ਉਨ੍ਹਾਂ (ਡਾ. ਵਿਪਨ ਕੁਮਾਰ) ਦੀ ਬੇਨਤੀ ਨੂੰ ਮੁੱਖ ਰੱਖਦਿਆਂ ਮਿਤੀ 8.1.2016 ਤੋਂ 15.2.2016 ਤੱਕ ਦੀ ਸਟੱਡੀ ਲੀਵ ਰੱਦ ਕੀਤੀ ਹੈ ਅਤੇ ਉਨ੍ਹਾਂ ਨੂੰ ਮਿਤੀ 8.1.2016 (ਦੁਪਹਿਰ ਤੋਂ ਪਹਿਲਾਂ ) ਤੋਂ ਵਿਭਾਗ ਵਿਚ ਜੁਆਇੰਨ ਕਰਨ ਦੀ ਆਗਿਆ ਦਿੱਤੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ ਸਬੰਧੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Ashwani Luthra, Professor, Guru Ram Dass School of Planning | JAMK University, Finland ਵਿਖੇ ਲੈਕਚਰ ਦੇਣ ਲਈ। | P. Leave from 26.9.2016 to 7.10.2016 = 12 days (with Prefixing holidays 24-25.9.2016 and suffixing holidays 8-9.10.2016(being Saturday and Sunday)) |

| | | | |
|---|---|---|---|
| 2. | Dr. Amardeep Kaur, Assistant Professor, Deptt. of Business Management, GNDU, RC, Gurdaspur. | To Visit England, Germany, Belgium, Switzerland and France. | P. Leave from 3.5.2016 to 13.5.2016 = 11 days. |

**ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦੇ ਅਸਤੀਫੇ ਅਤੇ ਨੋਟਿਸ ਪੀਰੀਅਡ ਤੋਂ ਛੋਟ ਦੇਣ ਸਬੰਧੀ।**

11. ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਵੱਲੋਂ ਪ੍ਰਾਪਤ ਬੇਨਤੀ ਮਿਤੀ 19.10.2015 ਨੂੰ ਮੁੱਖ ਰੱਖਦਿਆਂ ਹੇਠ ਲਿਖੇ ਅਨੁਸਾਰ ਵਿਚਾਰ ਹੋਈ:-

1. ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦਾ ਅਸਤੀਫਾ ਮਿਤੀ 6.8.2015 (ਦੁਪਹਿਰ ਤੋਂ ਪਹਿਲਾਂ) ਤੋਂ ਪ੍ਰਵਾਨ ਕੀਤਾ ਜਾਵੇ।

2. ਉਸ (ਡਾ. ਮੀਨੂੰ) ਵੱਲੋਂ ਕੀਤੀ ਬੇਨਤੀ ਨੂੰ ਮੁੱਖ ਰੱਖਦਿਆਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਵੇ।

**ਜਾਂ**

3. ਉਸ (ਡਾ. ਮੀਨੂੰ) ਤੋਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਬਦਲੇ ਬਣਦੀ ਤਿੰਨ ਮਹੀਨੇ ਦੀ ਤਨਖਾਹ ਵਸੂਲ ਕੀਤੀ ਜਾਵੇ।

**ਪਾਸ ਹੋਇਆ** ਕਿ -

1. ਡਾ. ਮੀਨੂੰ, ਅਸਿਸਟੈਂਟ ਪ੍ਰੋਫੈਸਰ, ਇਕਨਾਮਿਕਸ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਦਾ ਅਸਤੀਫਾ ਮਿਤੀ 6.8.2015 (ਦੁਪਹਿਰ ਤੋਂ ਪਹਿਲਾਂ) ਤੋਂ ਪ੍ਰਵਾਨ ਕੀਤਾ ਜਾਂਦਾ ਹੈ।

2. ਉਸ (ਡਾ. ਮੀਨੂੰ) ਵੱਲੋਂ ਕੀਤੀ ਬੇਨਤੀ ਨੂੰ ਮੁੱਖ ਰੱਖਦਿਆਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਂਦੀ ਹੈ।

**ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

12. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 14.3.2016 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਸ. ਮਨਜੀਤ ਸਿੰਘ, ਸਹਾਇਕ ਰਜਿਸਟਰਾਰ (ਲੇਖਾ) ਦੀ ਮੁੜ-ਨਿਯੁਕਤੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਮਨਜੀਤ ਸਿੰਘ, ਸਹਾਇਕ ਰਜਿਸਟਰਾਰ (ਲੇਖਾ), ਜੋ ਕਿ ਮਿਤੀ 31.3.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ last pay drawn minus pension ਦੇ ਬਰਾਬਰ ਬਣਦੀ ਤਨਖਾਹ 'ਤੇ ਇਕ ਸਾਲ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਮਿਤੀ 1.4.2016 ਤੋਂ 31.3.2017 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.4.2016 ਤੋਂ 31.3.2017 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ:-

| **ਲੜੀ ਨੰ:** | **ਅਹੁਦਾ** |
|---|---|
| (ੳ) 1. | Dean, Academic Affairs |
| 2. | Dean, Student's Welfare |
| 3. | Dean, Alumni Association |
| 4. | Associate Dean, Academic Affairs & Student's Welfare, Regional Campus, Jalandhar. |
| 5. | Associate Dean, Academic Affairs & Student's Welfare, Regional Campus, Gurdaspur. |
| (ਅ) 1. | Director, Hospitality |
| 2. | Director, UGC, Human Resource Development Centre |
| 3. | Director, AIS Centre |
| 4. | Director, Department of Life-Long Learning |
| 5. | Director, Research |
| 6. | Director, Capacity Enhancement Program |
| 7. | Co-ordinator, Edusat |
| 8. | Professor Incharge (Public Relations) |
| 9. | Co-ordinator, University Industry Linkage Programme |
| 10. | Nodal Officer, Intellectual Property Rights Cell (IPRs Cell) |
| 11. | Professor Incharge, Examinations |
| 12. | Professor Incharge (Publication Bureau) |
| 13. | Dean, College Development Council |
| 14. | Incharge, Constituent Colleges and Regional Campus Sathiala & Fattu Dhinga. |
| 15. | Professor Incharge (Central Time-Table Grading System) |
| 16. | Deputy Director, UGC, Human Resource Development Centre. |
| 17. | Professor Incharge, Heritage Museum |
| 18. | Co-ordinator, HPLC Mass Spectrometer (Central Facility) |
| 19. | Chief Information Security Officer, Indian Computer Emergency Response Team(CERT-in) |
| 20. | Director, Internal Quality Assurance Cell (IQAC) |
| 21. | Director, Placement |

**ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.4.2016 ਤੋਂ 31.3.2017 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ

ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ:-

1. ਪਬਲੀਕੇਸ਼ਨ ਕਮੇਟੀ
2. ਕੈਂਪਸ ਕਮੇਟੀ
3. ਮੈਡੀਕਲ /ਹੈਲਥ ਕਮੇਟੀ
4. ਫਾਰਮ ਐਂਡ ਲੈਂਡ ਸਕੇਪ ਕਮੇਟੀ
5. ਕਲਚਰਲ ਕਮੇਟੀ
6. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ
7. ਪਲਾਨਿੰਗ ਬੋਰਡ

**ਰਿਜਨਲ ਕੈਂਪਸ, ਜਲੰਧਰ**

1. ਅਨੁਸਾਸ਼ਨੀ ਕਮੇਟੀ
2. ਕੈਂਪਸ ਕਮੇਟੀ
3. ਮੈੱਸ ਅਤੇ ਕੈਨਟੀਨ ਕਮੇਟੀ
4. ਕਲਚਰਲ ਕਮੇਟੀ
5. ਸਪੋਰਟਸ ਕਮੇਟੀ
6. ਵਿਮਨ ਵੈਲਫੇਅਰ ਕਮੇਟੀ

**ਰਿਜਨਲ ਕੈਂਪਸ, ਗੁਰਦਾਸਪੁਰ**

1. ਅਨੁਸਾਸ਼ਨੀ ਕਮੇਟੀ
2. ਕੈਂਪਸ ਕਮੇਟੀ
3. ਮੈੱਸ ਅਤੇ ਕੈਨਟੀਨ ਕਮੇਟੀ
4. ਕਲਚਰਲ ਕਮੇਟੀ

**ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਮਿਤੀ 1.4.2016 ਤੋਂ 31.3.2017 ਤੱਕ, ਇਕ ਸਾਲ ਲਈ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸਾਲ 2016-17 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਸਬੰਧੀ।**

17. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 ‘ਤੇ ਦਰਜ ਸਟੈਚਿਊਟ 12 ਅਨੁਸਾਰ ਸਾਲ 2016-17 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਪ੍ਰੋਫੈਸਰ ਪਰਮਜੀਤ ਨੰਦਾ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਨਿਯੁਕਤ ਕੀਤਾ ਜਾਂਦਾ ਹੈ।

**ਯੂਨੀਵਰਸਿਟੀ ਦੀ 42ਵੀਂ ਕਨਵੋਕੇਸ਼ਨ ‘ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ:-

(ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 42ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ :-

| | |
|---|---|
| 1. ਪੀਐਚ.ਡੀ. | ਸਾਰੇ ਉਮੀਦਵਾਰ |
| 2. ਐਮ.ਫਿਲ. | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫਿਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 42ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫਿਲ. | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ/ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਸੁਖਦੇਵ ਸਿੰਘ, ਸੁਰੱਖਿਆ ਗਾਰਡ, ਭਾਈ ਗੁਰਦਾਸ ਲਾਇਬ੍ਰੇਰੀ, ਜੋ ਕਿ ਮਿਤੀ 31.1.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਨੂੰ last pay drawn minus pension ਦੇ ਬਰਾਬਰ ਬਣਦੀ ਤਨਖਾਹ ‘ਤੇ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ਅ) ਸ਼੍ਰੀ ਕਸ਼ਮੀਰ ਸਿੰਘ, ਦਫਤਰੀ, ਗੁਪਤ ਸ਼ਾਖਾ, ਜਿਸ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.12.2015 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਅਧਿਕਾਰੀ/ ਕਰਮਚਾਰੀ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ/ ਮੁੜ-ਨਿਯੁਕਤੀ ਦੀ ਪੁਸ਼ਟੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ. ਮਹਿੰਦਰਜੀਤ ਸਿੰਘ, ਆਰਕੀਟੈਕਟ, ਜਿਨ੍ਹਾਂ ਦੀ ਨਿਯੁਕਤੀ ਦੀ

ਮਿਆਦ ਮਿਤੀ 31.1.2016 ਨੂੰ ਖਤਮ ਹੋ ਗਈ ਸੀ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਹੈ।

(ਅ) ਸ੍ਰੀ ਜੋਗਿੰਦਰ ਸਿੰਘ, ਸਾਬਕਾ ਟੈਕਨੀਸ਼ੀਅਨ, ਮਨੋਵਿਗਿਆਨ ਵਿਭਾਗ, ਨੂੰ ਡਿਊਟੀ ਜੁਆਇਨ ਕਰਨ ਦੀ ਮਿਤੀ ਤੋਂ 15.5.2016 ਤੱਕ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਆਧਾਰ 'ਤੇ 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਹੈ।

**ਸ੍ਰੀ ਸੁਰਿੰਦਰ ਪਾਲ, ਆਫਿਸ ਕਲਰਕ (ਕੰਟ੍ਰੈਕਟ), ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

21. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸੁਰਿੰਦਰ ਪਾਲ, ਆਫਿਸ ਕਲਰਕ (ਕੰਟ੍ਰੈਕਟ), ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ (ਨਵਾਂ ਸ਼ਹਿਰ), ਜਿਸ ਦੀ ਨਿਯੁਕਤੀ ਦੀ ਮਿਆਦ ਮਿਤੀ 1.3.2016 ਨੂੰ ਖਤਮ ਹੋ ਚੁੱਕੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ 20,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਸ੍ਰ. ਤਜਿੰਦਰ ਸਿੰਘ ਅਰੋੜਾ, ਐਡਵੋਕੇਟ ਦੀ ਬਤੌਰ ਸਰਵਿਸ ਟੈਕਸ ਸਲਾਹਕਾਰ ਵਜੋਂ ਨਿਯੁਕਤੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਰਵਿਸ ਟੈਕਸ ਨਾਲ ਸਬੰਧਤ ਕੰਮ ਕਾਫੀ ਵੱਧ ਜਾਣ ਕਰਕੇ, ਸ੍ਰ. ਤਜਿੰਦਰ ਸਿੰਘ ਅਰੋੜਾ, ਐਡਵੋਕੇਟ, ਜਿਨ੍ਹਾਂ ਤੋਂ ਪਿਛਲੇ ਕਈ ਸਾਲਾਂ ਤੋਂ ਸਰਵਿਸ ਟੈਕਸ ਦੇ ਮਾਮਲਿਆਂ ਵਿਚ ਵੱਡਮੁੱਲੀ ਰਾਇ ਲਈ ਜਾਂਦੀ ਰਹੀ ਹੈ, ਨੂੰ ਵਿੱਤੀ ਸਾਲ 2016-17 ਵਾਸਤੇ ਯੂਨੀਵਰਸਿਟੀ ਵਿਖੇ ਬਤੌਰ ਸਰਵਿਸ ਟੈਕਸ ਸਲਾਹਕਾਰ ਵਜੋਂ 15000/- ਰੁਪਏ ਉਕਾ-ਪੁਕਾ (ਸਲਾਨਾ) ਸੇਵਾਫਲ 'ਤੇ ਨਿਯੁਕਤ ਕੀਤਾ ਜਾਂਦਾ ਹੈ।

**ਮੈਸ. ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਆਮਦਨ-ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧਾ।**

23. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੈਸ. ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ, ਜਿਸ ਦੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਆਮਦਨ-ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਮਿਤੀ 31.3.2016 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2016 ਤੋਂ 6,000/- ਰੁਪਏ ਪ੍ਰਤੀ ਮਹੀਨਾ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।**

24. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ, ਜੋ ਕਿ ਮਿਤੀ 15.3.2016 ਨੂੰ ਖਤਮ ਹੋ ਰਹੀ ਹੈ, ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ

ਵਿਚ ਮਿਤੀ 16.3.2016 ਦੀ ਬ੍ਰੇਕ ਦੇ ਕੇ ਮਿਤੀ 17.3.2016 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ:-

1. ਸ਼੍ਰੀ ਮਨਜੀਤ ਸਿੰਘ, ਬਾਸਕੇਟਬਾਲ ਕੋਚ
2. ਸ਼੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ਼੍ਰੀ ਲਖਵੀਰ ਸਿੰਘ, ਕੱਬਡੀ/ਖੋ-ਖੋ ਕੋਚ

**ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 20.1.2016 ਦੀਆਂ ਸਿਫ਼ਾਰਸ਼ਾਂ ਦੀ ਪ੍ਰਵਾਨਗੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 20.1.2016 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 29.1.2016 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 29.1.2016 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਕਾਲਜ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਕਾਲਜ ਵਿਖੇ ਵੱਖ-ਵੱਖ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ:-

| **ਕ੍ਰਮ ਨੰ:** | **ਕਾਲਜ/ ਵਿਭਾਗ ਦਾ ਨਾਮ** | **ਕਮੇਟੀ ਦੀ ਇੱਕਤਰਤਾ ਦੀ ਮਿਤੀ** | **ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਦੀ ਕੀਮਤ** |
|---|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ | 9.2.2016 | 6,44,644-15 ਰੁ. |

**ਨਾਰਥ ਜ਼ੋਨ/ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ/ ਨੈਸ਼ਨਲ ਚੈਂਪੀਅਨਸ਼ਿਪ ਖੇਡਾਂ**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ ਵਿਦਿਆਰਥੀ, ਜੋ ਦਸੰਬਰ 2015/ ਜਨਵਰੀ 2016 ਦੀਆਂ ਸਮੈਸਟਰ

**ਵਿਚ ਰੁੱਝੇ ਹੋਣ ਕਾਰਣ ਸਬੰਧਤ ਵਿਦਿਆਰਥੀਆਂ ਦੀ ਪ੍ਰੈਕਟੀਕਲ/ਥਿਊਰੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪੁਸ਼ਟੀ।**

ਪ੍ਰੀਖਿਆਵਾਂ ਦੌਰਾਨ ਨਾਰਥ ਜ਼ੋਨ/ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ/ ਨੈਸ਼ਨਲ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਣ ਇਨ੍ਹਾਂ ਮਿਤੀਆਂ ਦੌਰਾਨ ਆਪਣੇ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਨਹੀਂ ਸਨ ਦੇ ਸਕੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀ ਪ੍ਰੈਕਟੀਕਲ/ਥਿਊਰੀ ਵਿਸ਼ੇ ਦੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਹੈ।

**ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ** M.Sc. (Computer Science) **ਅਤੇ** MCA (TYC) **ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਵਿਖੇ M.Sc. (Computer Science) ਅਤੇ MCA (TYC) ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਵੱਖ-ਵੱਖ ਕੇਸਾਂ ਦੀ ਪੜਤਾਲ ਲਈ ਪੜਤਾਲੀਆ ਅਫਸਰ ਨੂੰ ਕੀਤੀ ਜਾਣ ਵਾਲੀ ਅਦਾਇਗੀ ਵਿਚ ਵਾਧੇ ਦੀ ਪੁਸ਼ਟੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਤੀ 1.2.2016 ਤੋਂ ਯੂਨੀਵਰਸਿਟੀ ਵਿਖੇ ਵੱਖ-ਵੱਖ ਕੇਸਾਂ ਦੀ ਪੜਤਾਲ ਲਈ ਪੜਤਾਲੀਆ ਅਫਸਰ ਨੂੰ ਕੀਤੀ ਜਾਣ ਵਾਲੀ **ਪ੍ਰਤੀ ਸਿਟਿੰਗ 1000/- ਰੁਪਏ** ਦੀ ਅਦਾਇਗੀ ਨੂੰ ਵਧਾ ਕੇ **ਪ੍ਰਤੀ ਦਿਨ 3000/- ਰੁਪਏ** ਅਤੇ ਘੱਟ ਤੋਂ ਘੱਟ ਅਦਾਇਗੀ 9,000/- ਰੁਪਏ ਪ੍ਰਤੀ ਕੇਸ ਕੀਤੀ ਹੈ।

**ਸਾਈਕਾਲੋਜੀ ਵਿਭਾਗ ਵਿਖੇ ਟੈਕਨੀਸ਼ੀਅਨ ਦੀ ਅਸਾਮੀ ਲਈ ਯੋਗਤਾਵਾਂ ਨਿਰਧਾਰਤ ਕਰਨ ਅਤੇ ਯੂਨੀਵਰਸਿਟੀ ਕੈਲੰਡਰ ਵਿਚ ਸ਼ਾਮਿਲ ਕਰਨ ਦੀ ਪ੍ਰਵਾਨਗੀ।**

31. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੋਰਡ ਆਫ ਕੰਟਰੋਲ (ਸਾਈਕਾਲੋਜੀ) ਦੀ ਇੱਕਤਰਤਾ ਮਿਤੀ 16.2.2016 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ, ਸਾਈਕਾਲੋਜੀ ਵਿਭਾਗ ਵਿਖੇ ਟੈਕਨੀਸ਼ੀਅਨ ਦੀ ਅਸਾਮੀ ਲਈ ਹੇਠ ਲਿਖੇ ਅਨੁਸਾਰ ਯੋਗਤਾਵਾਂ ਨਿਰਧਾਰਤ ਅਤੇ ਯੂਨੀਵਰਸਿਟੀ ਕੈਲੰਡਰ ਵਿਚ ਸ਼ਾਮਿਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

**Qualifications**

1. By Promotion 100% from Junior Technician in the Department.

Qualification:-
Eight years experience as Junior Technician in the Department.
Note:-
If no Junior Technician is found eligible for the post of Technician,

the same shall be filled in by direct recruitment.

2. By Direct Recruitment
   Qualifications:
   i) M.A. (Psychology) with 3 years experience as Lab Attendent/ Junior Technician/ Technician in a recognized institution/ college/ university.

   or

   Bachelor's Degree with Psychology as one of the subject with 5 years experience as Lab Attendent/ Junior Technician/ Technician in a recognized institution/ college/ university.

   ii) Knowledge of Punjabi upto Matric standard is essential.

**ਐਮ.ਕੇ. ਕਾਲਜ ਆਫ ਐਜੂਕੇਸ਼ਨ, ਸ਼ਾਹਪੁਰ (ਜਲੰਧਰ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਕੇ. ਕਾਲਜ ਆਫ ਐਜੂਕੇਸ਼ਨ, ਸ਼ਾਹਪੁਰ (ਜਲੰਧਰ) ਨੂੰ ਪੱਕੀ ਸੰਬੱਧਤਾ ਪ੍ਰਦਾਨ ਕਰਨ ਸਬੰਧੀ ਨਿਰੀਖਣ ਕਮੇਟੀ (Inspection Committee) ਦੀ ਰਿਪੋਰਟ ਮਿਤੀ 9.12.2015 (**ਅੰਤਿਕਾ-I**) ਨੂੰ ਮੁੱਖ ਰੱਖਦਿਆਂ ਅਤੇ ਨਿਰੀਖਣ ਕਮੇਟੀ ਵੱਲੋਂ New Standard Reference Books ਖ਼ੀਦਣ ਦੀ ਲਗਾਈ ਸ਼ਰਤ, ਕਾਲਜ ਵੱਲੋਂ ਪ੍ਰਾਪਤ ਪੱਤਰ ਮਿਤੀ 20.1.2016 ਅਤੇ 27.1.2016 (**ਅੰਤਿਕਾ-II**) ਰਾਹੀਂ ਸ਼ਰਤ ਦੀ ਪੂਰਤੀ ਕਰ ਲੈਣ ਕਾਰਣ ਉਕਤ ਕਾਲਜ ਨੂੰ ਪੱਕੀ ਸੰਬੱਧਤਾ ਪ੍ਰਦਾਨ ਕੀਤੀ ਜਾਂਦੀ ਹੈ।

**ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਚ ਚੱਲ ਰਹੇ ਕੋਰਸਾਂ ਦੇ ਫੀਸਾਂ ਦੇ ਢਾਂਚੇ ਵਿਚ ਸੋਧ।**

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਚੱਲ ਰਹੇ ਬੀ.ਕਾਮ., ਐਮ.ਕਾਮ. ਅਤੇ ਬੀ.ਸੀ.ਏ. ਭਾਗ ਪਹਿਲਾ ਵਿਚ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਫੀਸਾਂ ਦੇ ਢਾਂਚੇ ਵਿਚ **ਅੰਤਿਕਾ** ਅਨੁਸਾਰ ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਸੈਸ਼ਨ 2016-17 ਤੋਂ ਯੂਨੀਵਰਸਿਟੀ ਨਾਲ ਸੰਬੱਧਤਾ ਪ੍ਰਾਪਤ ਕਾਲਜਾਂ/ ਨਵੀਆਂ ਸੰਸਥਾਵਾਂ ਵੱਲੋਂ ਐਮ.ਬੀ.ਏ./ ਐਮ.ਸੀ.ਏ. ਕੋਰਸਾਂ ਦੀ ਸੰਬੱਧਤਾ ਲਈ ਪ੍ਰਾਪਤ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਵਾਪਸ ਕਰਨ ਦੀ ਪ੍ਰਵਾਨਗੀ।**

34. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 29.6.2015 ਦੇ ਪੈਰਾ ਨੰ: 88 ਰਾਹੀਂ ਐਮ.ਬੀ.ਏ./ ਐਮ.ਸੀ.ਏ. ਅਤੇ ਹੋਰ ਕੋਰਸ ਸ਼ੁਰੂ ਕਰਨ ਸਬੰਧੀ, ਜੋ ਫੈਸਲਾ ਕੀਤਾ ਗਿਆ ਸੀ, ਕੁੱਝ ਕਾਰਣਾਂ ਕਰਕੇ ਇਨ੍ਹਾਂ ਕੋਰਸਾਂ ਦੀ ਸੰਬੱਧਤਾ ਸੈਸ਼ਨ 2016-17 ਤੋਂ ਦੇਣੀ ਸੰਭਵ ਨਾਂ ਹੋਣ ਕਰਕੇ, ਯੂਨੀਵਰਸਿਟੀ ਅਧਿਕਾਰ ਖੇਤਰ ਅਧੀਨ ਆਉਂਦੀਆਂ ਵੱਖ-ਵੱਖ ਨਵੀਆਂ ਸੰਸਥਾਵਾਂ ਵੱਲੋਂ ਐਮ.ਬੀ.ਏ./ ਐਮ.ਸੀ.ਏ. ਅਤੇ ਹੋਰ ਕੋਰਸਾਂ ਦੀ ਸੰਬੱਧਤਾ ਲੈਣ ਲਈ ਭੇਜੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ ਅਤੇ ਇਸ ਯੂਨੀਵਰਸਿਟੀ ਨਾਲ ਸੰਬੱਧਤਾ ਪ੍ਰਾਪਤ ਕਾਲਜਾਂ ਵੱਲੋਂ ਐਮ.ਬੀ.ਏ./ ਐਮ.ਸੀ.ਏ. ਕੋਰਸਾਂ ਦੀ ਸਬੰਧੱਤਾ ਲੈਣ ਲਈ ਭੇਜੀ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ (**ਅੰਤਿਕਾ** ਅਨੁਸਾਰ) ਵਾਪਿਸ ਕਰ ਦਿੱਤੀ ਜਾਵੇ ਅਤੇ ਇਨ੍ਹਾਂ ਕਾਲਜਾਂ/ ਸੰਸਥਾਵਾਂ ਨੂੰ ਸੂਚਿਤ ਕਰ ਦਿੱਤਾ ਜਾਵੇ ਕਿ ਉਨ੍ਹਾਂ ਵੱਲੋਂ ਭੇਜੇ ਬਿਨੈ-ਪੱਤਰ ਸੈਸ਼ਨ 2016-17 ਲਈ ਨਹੀਂ ਵਿਚਾਰੇ ਜਾ ਸਕਦੇ।

**ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਵਿਚ ਚੱਲ ਰਹੇ ਕੋਰਸਾਂ ਦੇ ਫੀਸਾਂ ਦੇ ਢਾਂਚੇ ਵਿਚ ਸੋਧ।**

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2016-17 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਵਿਖੇ ਚੱਲ ਰਹੇ ਕੋਰਸਾਂ ਵਿਚ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਫੀਸਾਂ ਦੇ ਢਾਂਚੇ ਵਿਚ **ਅੰਤਿਕਾ** ਅਨੁਸਾਰ ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਸੈਸ਼ਨ 2016-17 ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸਜ਼ ਵਿਖੇ ਚਲ ਰਹੇ ਕੋਰਸਾਂ ਦੇ ਦਾਖਲੇ ਸਿੱਧੇ ਤੌਰ 'ਤੇ ਸਬੰਧਤ ਰਿਜਨਲ ਕੈਂਪਸਜ਼ ਵਿਖੇ ਕਰਨ ਦੀ ਪ੍ਰਵਾਨਗੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੇਠ ਲਿਖੇ ਰਿਜਨਲ ਕੈਂਪਸਜ਼ ਦੀ ਮੰਗ ਨੂੰ ਮੁੱਖ ਰੱਖਦਿਆਂ, ਇਨ੍ਹਾਂ ਕੈਂਪਸਜ਼ ਵਿਖੇ ਚਲ ਰਹੇ ਵੱਖ-ਵੱਖ ਕੋਰਸਾਂ ਦੇ ਸੈਸ਼ਨ 2016-17 ਲਈ ਦਾਖਲੇ, 10+2 ਦੀ ਮੈਰਿਟ ਦੇ ਆਧਾਰ 'ਤੇ ਸਬੰਧਤ ਕੈਂਪਸ ਵਿਖੇ ਸਿੱਧੇ ਤੌਰ 'ਤੇ ਹੀ ਕਰਨ ਤੇ 10+2 ਦੇ ਨਤੀਜੇ ਤੋਂ ਬਾਅਦ ਫੌਰੀ ਤੌਰ 'ਤੇ ਦਾਖਲੇ ਦੀ ਪ੍ਰਕ੍ਰਿਆ ਆਰੰਭ ਕਰਨ ਅਤੇ ਦਾਖਲੇ ਸਬੰਧੀ ਸਾਂਝਾ Admission Notice ਅਖਬਾਰਾਂ ਵਿਚ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ
2. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ
3. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ)

ਇਹ ਵੀ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ) ਦੀ ਮੰਗ ਨੂੰ ਮੁੱਖ ਰੱਖਦਿਆਂ ਪੋਸਟ-ਗ੍ਰੈਜੂਏਟ ਪੱਧਰ ਦੇ ਦਾਖਲੇ ਵੀ ਮੈਰਿਟ ਦੇ ਆਧਾਰ 'ਤੇ ਕੈਂਪਸ ਵਿਖੇ ਸਿੱਧੇ ਤੌਰ 'ਤੇ ਹੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਹਾਊਸ ਅਲਾਟਮੈਂਟ ਕਮੇਟੀ ਦੀ ਇੱਕਤਰਤਾ ਮਿਤੀ 23.12.2015 ਦੀ ਕਾਰਵਾਈ ਦੇ ਮੱਦ ਨੰ: 8 ਸਬੰਧੀ।**

